# ਦੁਨੀਆਂ ਵਿਚ

# ਪਹਿਲੀ ਮੌਤ

G 697

ਨਰਿੰਦਰ ਸਿੰਘ 'ਸੋਚ'

ਬਰਨਰਡ ਸ਼ਾਹ ਦੇ ਨਾਟਕ

BACK TO METHUSELAH.

ਦਾ ਅਨੁਵਾਦ

SARDAR DYAL SINGH LIBRARY LAHORE

ਜੀਵਨ ਮੰਦਰ ਅੰਮ੍ਰਿਤਸਰ

ਦ 22
ਸ੍ਰ ੧੯੨
30169.

# ਜੀਵਨ

ਜੀਵਨ ਕਿਵੇਂ ਅਰੰਭ ਹੋਇਆ ? ਕਿਸੇ ਵੇਲੇ ਮਜ਼ਹਬਾਂ ਨੂੰ ਸਭ ਤੋਂ ਪਹਿਲਾਂ ਏਹੋ ਪ੍ਰਸ਼ਨ ਹਲ ਕਰਨਾ ਪੈਂਦਾ ਸੀ, ਇਸ ਕਰ ਕੇ ਹਰ ਇਕ ਨੂੰ ਕੋਈ ਨ ਕੋਈ ਉਤਰ ਦੇਣਾ ਪੈਂਦਾ ਸੀ, ਭਾਵੇਂ ਉਹ ਖੋਜ ਭਰਿਆ ਹੋਵੇ ਅਤੇ ਭਾਵੇਂ ਹਾਸੋ ਹੀਣਾ।

ਨਿਆਇ ਸ਼ਾਸਤ੍ਰ ਵਾਲਿਆਂ ਕਿਹਾ, "ਨੌਂ ਚੀਜ਼ਾਂ ਅਮਰ ਹਨ, ਕਾਲ, ਦਿਸ਼ਾ, ਆਤਮਾ, ਮਨ, ਪੌਣ, ਪਾਣੀ, ਅਕਾਸ਼, ਅੱਗ ਤੇ ਧਰਤੀ। ਪੰਜਾਂ ਤੱਤਾਂ ਦੇ ਸੂਖਮ ਪ੍ਰਮਾਣੂਆਂ ਤੋਂ ਸ੍ਰਿਸ਼ਟੀ ਬਣੀ ਹੈ। ਇਹ ਆਤਮਾ ਨੂੰ ਅੱਧਾ ਚੇਤਨ ਤੇ ਅੱਧਾ ਜੜ੍ਹ ਮੰਨਦੇ ਹਨ ਟਟਹਿਣੇ ਵਾਂਗ।

ਸਾਂਖ ਨੇ ਕਿਹਾ, "ਪ੍ਰਕ੍ਰਿਤੀ ਤੇ ਪੁਰਖ ਨੇ ਮਿਲ ਕੇ ਸ੍ਰਿਸ਼ਟੀ ਸਾਜੀ। ਪ੍ਰਕ੍ਰਿਤੀ ਦੇ ਸਾਂਖ ਵਿਚ ਅਰਥ ਹਨ, ਰਜੋ, ਸਤੋ, ਤਮੋ ਦੀ ਸਮਾਨ ਅਵਸਥਾ। ਜੇ ਇਹ ਗੁਣ ਵਧ ਘਟ ਜਾਣ ਤਾਂ ਪ੍ਰਲੈਅ ਹੋ ਜਾਂਦੀ ਹੈ।

ਵੇਦਾਂਤ ਕਹਿੰਦਾ ਹੈ,ਪ੍ਰਮਾਤਮਾਂ ਨੇ ਤ੍ਰਿਗਦਾ ਹੰਕਾਰ ਤੇ ਤ੍ਰਿਗਦਾ ਹੰਕਾਰ ਤੋਂ (ਰਜੋ, ਸਤੋ, ਤਮੋ ਦਾ ਇਕੱਠਾ ਬੁਤ) ਅਕਾਸ਼, ਅਕਾਸ਼ ਤੋਂ ਹਵਾ, ਹਵਾ ਤੋਂ ਅੱਗ, ਅੱਗ਼ ਤੋਂ ਪਾਣੀ, ਪਾਣੀ ਤੋਂ ਧਰਤੀ ਪੈਦਾ ਹੋਈ ਤੇ ਫਿਰ ਪੰਜਾਂ ਤੱਤਾਂ ਤੋਂ ਸਾਰੀ ਸ੍ਰਿਸ਼ਟੀ ਸਾਜੀ ਗਈ। ਮਾਇਆ 'ਅਨਰਵਚਨੀ' ਹੈ, ਜਿਸ ਦਾ ਭਾਵ ਹੈ, ਨ ਸਤ, ਨ ਅਸੱਤ, ਨ ਸਤ ਅਸੱਤ ਦੋਵੇਂ।

ਮੁਸਲਸਾਨ ਕਹਿੰਦੇ ਹਨ, "ਖੁਦਾ ਨੇ ਕਿਹਾ, "ਹੋ ਜਾਹ" ਤੇ ਸਭ ਕੁਝ ਹੋ ਗਿਆ।

ਗੁਰੂ ਨਾਨਕ ਨੇ ਕਿਹਾ, "ਆਦਿ ਸੋਚ ਸੋਚ ਕੇ ਸਮਾਂ ਨ ਗਵਾਉ



ਹੁਣ ਦਾ ਫਿਕਰ ਕਰੋ, ਜਿਸ ਕਰ ਕੇ ਅੰਤ ਸੌਰ ਜਾਵੇ ਤੇ ਉਨ੍ਹਾਂ ਸਾਰਾ ਤਾਣ _ਣ ਤੇ ਲਾਇਆ।

ਸਾਇੰਸ ਦੀਆਂ ਅੱਖਾਂ ਨਾਲ ਵੇਖੀਏ ਤਾਂ ਇਕ ਮਹਾਨ ਸੂਰਜ ਦੇ ਅਨੇਕਾਂ ਟੁਕੜੇ ਹੋਏ ਤੇ ਉਸ ਦੇ ਚਾਰ ਚੁਫੇਰੇ ਘੁੰਮਣ ਲਗ ਪਏ, ਇਕ ਦੂਜੇ ਦੀਆਂ ਖਿੱਚਾਂ ਕਰ ਕੇ। ਪਹਿਲਾਂ ਅੱਗ ਅਤੇ ਧੂੰਏ ਦਾ ਇਕ ਗੋਲਾ ਅਕਾਸ਼ ਵਿਚ ਘੁੰਮਦਾ ਸੈਰ ਕਰਦਾ ਸੀ। ਸਾਡੇ ਨੇੜੇ ਤੋਂ ਨੇੜੇ ਭੀ ਧਰਤੀਆਂ ਹਨ; ਜਿਨ੍ਹਾਂ ਵਿਚਲੇ ਬੁਝੇ ਹੋਏ ਜਵਾਲਾ ਮੁਖੀ ਦਿਸਦੇ ਹਨ, ਅਬਾਦੀ ਨਜ਼ਰੀਂ ਪੈਂਦੀ ਹੈ। ਸਾਡੀ ਧਰਤੀ ਨਾਲੋਂ ਭੀ ਉਨਤ ਬੰਦੇ ਦੂਜੀਆਂ ਧਰਤੀਆਂ ਤੇ ਹਨ ਅਤੇ ਦੂਰ ਤੋਂ ਦੂਰ ਭੀ ਏਨੇ ਚੰਦ ਸੂਰਜ ਹਨ ਕਿ ਲਖਾਂ ਸਾਲਾਂ ਤੋਂ ਉਨ੍ਹਾਂ ਦੀ ਰੋਸ਼ਨੀ ਚਲੀ ਹੋਈ ਹੈ ਪਰ ਅਜੇ ਤਕ ਸਾਡੀ ਸ੍ਰਿਸ਼ਟੀ ਤੇ ਨਹੀਂ ਪਹੁੰਚੀ। ਪਰ ਅਸੀ ਤਾਂ ਕੇਵਲ ਆਪਣੀ ਧਰਤੀ ਦੀ ਕਹਾਣੀ ਲਿਖਣੀ ਹੈ।

ਸਾਡੀ ਧਰਤੀ ਭੀ ਸੂਰਜ ਤੋਂ ਵਖ ਹੋ ਗਈ, ਅਨੇਕਾਂ ਹੋਰਨਾਂ ਧਰਤੀਆਂ ਵਾਂਗ ਇਕ ਵੱਡਾ ਅੰਗਿਆਰਾ ਸੂਰਜ ਨਾਲੋਂ ਟੁਟ ਕੇ ਅੱਡ ਹੋ ਗਿਆ, ਉਹ ਸਹਿਜੇ ਸਹਿਜੇ ਠੰਢਾ ਹੁੰਦਾ ਗਿਆ, ਉਸ ਦੇ ਉਪਰਲੀ ਸੁਆਹ ਕਿੰਨੇ ਚਿਰ ਪਿਛੋਂ ਮਿੱਟੀ ਬਣੀ ਅਤੇ ਮਿਟੀ ਵਿਚੋਂ ਹੀ ਬਨਸਪਤੀ ਪੈਦਾ ਹੋ ਸੱਕੀ। ਸਾਡੀ ਧਰਤੀ ਨਾਲੋਂ ਇਕ ਹੋਰ ਟੁਕੜਾ ਟੁਟ ਗਿਆ ਅਤੇ ਉਹ ਚੰਦ ਹੈ, ਟੁਟਾ ਕਿਥੋਂ ? ਪ੍ਰਸ਼ਾਂਤ ਸਾਗਰ (                ) ਲਾਗੋਂ, ਧਰਤੀ ਦੇ ਜੀਵਾਂ ਦੀਆਂ ਤਿੰਨ ਵਖ ਵਖ ਸ੍ਰੇਣੀਆਂ ਇਸ ਧਰਤੀ ਉਪਰ ਪੈਦਾ ਹੋਈਆਂ ਅਤੇ ਖਤਮ ਹੋ ਗਈਆਂ, ਉਨ੍ਹਾਂ ਦੀ ਹੋਂਦ ਦਾ ਪਤਾ ਕੇਵਲ ਉਨ੍ਹਾਂ ਦੀਆਂ ਹੱਡੀਆਂ ਤੋਂ ਲਗਦਾ ਹੈ, ਜੇਹੜੀਆਂ ਧਰਤੀ ਦੀਆਂ ਹੇਠਲੀਆਂ ਤੈਹਾਂ ਵਿਚੋਂ ਮਿਲਦੀਆਂ ਹਨ, ਉਨ੍ਹਾਂ ਹੱਡੀਆਂ ਦੇ ਅਕਾਰਾਂ ਤੋਂ ਉਨ੍ਹਾਂ ਦੇ ਸਰੀਰਾਂ ਦੇ ਅਨੁਮਾਨ ਲਾਏ ਗਏ ਹਨ, ਤੇ ਇਹ ਲਗ ਭਗ ਠੀਕ ਹਨ।

ਆਪਣੀ ਰੱਖਿਆ ਲਈ ਇਕ ਜੀਵ ਕੀ ਦਾ ਕੀ ਕੁਝ ਬਣ ਗਿਆ, ਇਹ ਇਕ ਲੰਮੀ ਤੇ ਦਿਲਚਸਪ ਕਹਾਣੀ ਹੈ, ਜੇਹੜੀ ਹਰ ਇਕ ਨੂੰ

ਪੜ੍ਹਨੀ ਚਾਹੀਦੀ ਹੈ ।

ਇਹ ਨਾਟਕ ਬਰਨਰਡ ਸ਼ਾ ਦਾ ਹੈ ਅਤੇ ਉਸ ਨੇ ਇਹ ਆਦਮ ਤੇ ਹਵਾ ਕਹਾਣੀ ਇਸਲਾਮੀ ਪੁਸਤਕਾਂ ਤੋਂ ਲਈ ਹੈ, ਇਸ ਕਰ ਕੇ ਪਹਿਲਾਂ ਉਨ੍ਹਾਂ ਦੀਆਂ ਕਤਾਬਾਂ ਅਨੁਸਾਰ ਇਸ ਨੂੰ ਪੜ੍ਹ ਲਈਏ ।

ਖੁਦਾ-ਵੰਦ ਕਰੀਮ ਨੇ ਫਰਸ਼ਤਿਆਂ ਨੂੰ ਕਿਹਾ, "ਜਾਓ, ਧਰਤੀ ਵਿਚੋਂ ਇਕ ਮਿਟੀ ਦੀ ਮੁਠ ਭਰ ਕੇ ਲਿਆਓ, ਮੈਂ ਉਸ ਵਿਚੋਂ ਇਕ ਪੈਗੰਬਰ ਪੈਦਾ ਕਰਨਾ ਹੈ ।"

ਇਕ ਫਰਿਸ਼ਤਾ ਧਰਤੀ ਕੋਲ ਆਇਆ,ਧਰਤੀ ਨੇ ਰਬ ਦੀ ਸੌਂਹ ਪਾ ਕੇ ਮੋੜ ਦਿਤਾ, ਦੂਜਾ ਆਇਆ, ਉਹ ਭੀ ਧਰਤੀ ਨੇ ਮੋੜ ਦਿਤਾ ਤੇ ਕਿਹਾ, "ਇਸ ਮਿਟੀ ਦੀ ਨਸਲ ਆਪੋ ਵਿਚ ਦੀ ਲੜ ਕੇ ਮਰ ਜਾਵੇਗੀ, ਤੁਹਾਨੂੰ ਖੁਦਾ ਦੀ ਸੌਂਹ ਜੇ, ਜੇ ਮਿਟੀ ਲਵੇ ਤਾਂ ।" ਉਹ ਭੀ ਮੁੜ ਗਿਆ । ਚੌਥੀ ਵਾਰ ਅਜ਼ਰਾਈਲ ਆਇਆ, ਧਰਤੀ ਨੇ ਸੌਂਹ ਪਾਈ ਤਾਂ ਅਜ਼ਰਾਈਲ ਨੇ ਕਿਹਾ, "ਤੂੰ ਜਿਸ ਦੀ ਸੌਂਹ ਪਾ ਰਹੀ ਏ, ਉਸੇ ਦੇ ਹੁਕਮ ਨਾਲ ਮੈਂ ਮਿਟੀ ਲੈ ਜਾ ਰਿਹਾ ਹਾਂ," ਤੇ ਉਹ ਮੁਠ ਮਿਟੀ ਦੀ ਲੈ ਗਿਆ, ਅਤੇ ਜਾ ਕੇ ਅਕਾਸ਼ ਦੇ ਠੀਕ ਵਿਚਕਾਰ ਰਖ ਦਿਤੀ । ਅੱਠਾਂ ਸਾਲਾਂ ਦੇ ਮੀਂਹਾਂ ਵਿਚ ਗੋ ਕੇ ਆਦਮ ਦਾ ਬੁਤ ਬਣਾਇਆ ਗਿਆ । ਜਾਨ ਨੂੰ ਉਸ ਵਿਚ ਦਾਖਲ ਹੋਣ ਲਈ ਕਿਹਾ,ਉਸ ਨੇ ਸਤ ਵਾਰ ਅੰਦਰ ਜਾਣ ਦਾ ਯਤਨ ਕੀਤਾ, ਪਰ ਜਾ ਨ ਸਕੀ ਤੇ ਕਿਹਾ, "ਮੈਂ ਪ੍ਰਕਾਸ਼ ਰੂਪ ਹਾਂ ਇਸ ਹਨੇਰ ਖਾਤੇ ਅੰਦਰ ਕਿਸਤਰਾਂ ਜਾਵਾਂ ?" ਖੁਦਾ ਨੇ ਫਿਰ ਕਿਹਾ ਤਾਂ ਉਹ ਨੱਕ ਰਾਹੀਂ ਅੰਦਰ ਗਈ । ਫਿਰ ਦਿਮਾਗ ਗਲ ਅਤੇ ਫਿਫੜਿਆਂ ਵਿਚ ਭੀ ਜਾ ਵੜੀ ।

ਖੁਦਾ ਨੇ ਅਜ਼ਰਾਈਲ ਨੂੰ ਕਿਹਾ, "ਇਸ ਆਦਮ ਦੀ ਨਸਲ ਮਾਰਨ ਦਾ ਕੰਮ ਭੀ ਤੈਨੂੰ ਸੌਂਪਿਆ ਜਾਂਦਾ ਹੈ ।"

ਅਜ਼ਰਾਈਲ ਨੇ ਤ੍ਰਬਕ ਕੇ ਕਿਹਾ, "ਹਜ਼ੂਰ ਆਦਮ ਦੀ ਨਸਲ ਮੇਰੀ ਵੈਰੀ ਬਣ ਜਾਵੇਗੀ, ਮੇਥੋਂ ਨਫਰਤ ਕਰੇਗੀ ।"



ਖੁਦਾ ਨੇ ਕਿਹਾ, "ਇਸ ਗਲ ਦਾ ਫ਼ਿਕਰ ਨ ਕਰ, ਮੈਂ ਹਰ ਆਦਮੀ ਦੇ ਮਰਨ ਦਾ ਕਾਰਨ ਪੈਦਾ ਕਰਾਂਗਾ, ਫਿਰ ਮਾਰਾਂਗਾ । ਮੌਤ ਵੇਲੇ ਲੋਕੀ ਬੀਮਾਰੀਆਂ ਦਾ ਤੇ ਕਾਰਨਾਂ ਦਾ ਚਰਚਾ ਕਰਿਆ ਕਰਨਗੇ ।"

ਸਾਰਿਆਂ ਫਰਸ਼ਿਤਿਆਂ ਨੇ ਆਦਮ ਨੂੰ ਖੁਦਾ ਦੇ ਹੁਕਮ ਅਨੁਸਾਰ ਸਿਜਦਾ ਕੀਤਾ । ਪਰ ਅਬਲੀਸ (ਸ਼ੈਤਾਨ) ਨੇ ਨਾਹ ਕਰ ਦਿਤੀ । ਉਸ ਨੂੰ ਖੁਦਾ ਨੇ ਸਦਾ ਲਈ ਲਾਹਨਤ ਦਾ ਤੋਕ ਦੇ ਦਿਤਾ ਚੂੰਕਿ ਆਦਮ ਕਰ ਕੇ ਉਸ ਨੂੰ ਸਜ਼ਾ ਮਿਲੀ ਸੀ, ਹੁਣ ਉਹ ਆਦਮ ਤੋਂ ਬਦਲਾ ਲੈਣ ਲਈ ਸੋਚਾਂ ਸੋਚਣ ਲਗਾ ।

ਆਦਮ ਇਕੱਲਾ ਉਦਾਸ ਫਿਰ ਰਿਹਾ ਸੀ, ਖੁਦਾ ਨੇ ਆਦਮ ਦੇ ਖੱਬੇ ਪਾਸਿਓਂ ਅੱਧਾ ਜੀਵਨ ਕੱਢ ਕੇ ਹਵਾ ਬਣਾ ਦਿਤੀ ਅਤੇ ਉਨ੍ਹਾਂ ਦੋਹਾਂ ਦਾ ਨਕਾਹ ਪੜ੍ਹਾ ਦਿਤਾ । ਦੰਪਤੀ ਸਵਰਗ ਵਿਚ ਰਹਿਣ ਲਗੇ । ਇਕ ਬੂਟਾ ਸੀ, ਜਿਸ ਦੀ ਜੜ੍ਹਾਂ ਚਾਂਦੀ ਦੀਆਂ ਸਨ, ਟਹਿਣੀਆਂ ਸੋਨੇ ਦੀਆਂ । ਖੁਦਾ ਨੇ ਕਿਹਾ, "ਐ ਆਦਮ, ਇਸ ਦੀ ਛਾਵੇਂ ਭਾਵੇਂ ਬੇਠ ਰਹੀਂ ਪਰ ਇਸ ਦਾ ਫਲ ਨਾ ਖਾਵੀਂ ।"

ਅਬਲੀਸ ਚੂੰਕਿ ਇਲਮਾਂ ਦਾ ਬਾਦਸ਼ਾਹ ਸੀ, ਸਾਰੇ ਫਰਿਸ਼ਤਿਆਂ ਦਾ ਗੁਰੂ ਸੀ, ਇਸ ਨੇ ਮੋਰ ਨੂੰ ਕਿਹਾ ਕਿ ਜੇ ਤੂੰ ਮੈਨੂੰ ਸਵਰਗ ਵਿਚ ਪਹੁੰਚਾਉਣ ਲਈ ਸਹਾਇਤਾ ਦੇਵੇ ਤਾਂ ਤੈਨੂੰ ਇਕ ਐਸਾ ਮੰਤਰ ਦਸਾਂਗਾ, ਜਿਸ ਨਾਲ ਤੂੰ ਸਦਾ ਜਵਾਨ ਰਹੇਂ । ਉਹ ਆਦਮ ਨੂੰ ਲੈ ਕੇ ਦਰਵਾਜ਼ੇ ਵਿਚ ਗਿਆ । ਉਥੇ ਸਪ ਪਹਿਰੇਦਾਰ ਸੀ । ਉਸ ਦੇ ਚਾਰ ਹਥ ਸਨ । ਉਸ ਨੇ ਦਰਵਾਜ਼ੇ ਬੰਦ ਕਰ ਦਿਤੇ, ਤੇ ਕਿਹਾ, "ਮੈਨੂੰ ਖੁਦਾ ਵਲੋਂ ਹੁਕਮ ਹੈ ਕਿ ਮੈਂ ਤੁਹਾਨੂੰ ਅੰਦਰ ਪੈਰ ਨ ਰਖਣ ਦਿਆਂ" ਸਦਾ ਜਵਾਨ ਰਹਿਣ ਵਾਲੇ ਮੰਤਰ ਦਾ ਸਪ ਨੂੰ ਭੀ ਲਾਲਚ ਦਿਤਾ ਗਿਆ । ਉਸ ਨੇ ਕਿਹਾ, "ਚੰਗਾ, ਤੁਹਾਨੂੰ ਮੈਂ ਆਪਣੇ ਮੂੰਹ ਵਿਚ ਪਾ ਲੈਂਦਾ ਹਾਂ, ਤਾਂਕਿ ਸਵਰਗ ਦੀ ਧਰਤੀ ਉਤੇ ਪੈਰ ਰਖਣ ਵਾਲਾ ਹੁਕਮ ਭੀ ਠੀਕ ਰਹੇ ਅਤੇ ਤੁਸੀ ਭੀ ਅਪਣਾ ਕੰਮ ਕਰ ਲਓ ।"

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.